Australian Government
Department of Home Affairs

# ਮੁੱਖ ਪੰਨਾ - ਪ੍ਰਵਾਸੀ ਕਾਮਿਆਂ ਦੀ ਸੁਰੱਖਿਆ ਕਰਨ ਲਈ ਕਾਨੂੰਨ

'ਰੁਜ਼ਗਾਰਦਾਤਾ ਵੱਲੋਂ ਕਾਨੂੰਨ ਪਾਲਣਾ ਕਰਨ ਨੂੰ ਮਜ਼ਬੂਤ ਕਰਨ ਸੰਬੰਧੀ ਕਾਨੂੰਨ' (Strengthening Employer Compliance Act) ਨੇ ਪ੍ਰਵਾਸੀ ਕਾਮਿਆਂ ਨਾਲ ਹੁੰਦੇ ਸ਼ੋਸ਼ਣ ਨਾਲ ਨਜਿੱਠਣ ਲਈ ਨਵੇਂ ਕਾਨੂੰਨ ਪੇਸ਼ ਕੀਤੇ ਹਨ। ਇਹ ਕਾਨੂੰਨ ਰੁਜ਼ਗਾਰਦਾਤਾਵਾਂ ਅਤੇ ਕਿਰਤ ਲੜੀ ਵਿਚਲੇ ਹੋਰਾਂ ਨੂੰ ਕਿਸੇ ਵਿਅਕਤੀ ਦਾ ਸ਼ੋਸ਼ਣ ਕਰਨ ਲਈ ਉਸ ਦੀ ਪ੍ਰਵਾਸ ਸਥਿਤੀ ਦੀ ਵਰਤੋਂ ਕਰਨ ਤੋਂ ਰੋਕਦੇ ਹਨ। ਇਹ ਸਹੀ ਕੰਮ ਕਰਨ ਵਾਲੇ ਕਾਰੋਬਾਰਾਂ ਲਈ ਬਰਾਬਰੀ ਦਾ ਮੈਦਾਨ ਬਣਾਉਣ ਵਿੱਚ ਮੱਦਦ ਕਰਦੇ ਹਨ।

1 ਜੁਲਾਈ 2024 ਤੋਂ ਸ਼ੁਰੂ ਹੋ ਰਹੇ, ਇਨ੍ਹਾਂ ਨਵੇਂ ਕਾਨੂੰਨਾਂ ਦਾ ਉਦੇਸ਼ ਹੈ:

- ਅਸਥਾਈ ਪ੍ਰਵਾਸੀ ਕਾਮਿਆਂ ਨਾਲ ਹੁੰਦੇ ਸ਼ੋਸ਼ਣ ਨੂੰ ਘਟਾਉਣਾ
- ਰੁਜ਼ਗਾਰਦਾਤਾ ਵੱਲੋਂ ਕਾਨੂੰਨ ਪਾਲਣਾ ਕਰਨ ਨੂੰ ਵਧਾਉਣਾ
- ਕੰਮ ਵਾਲੀ ਥਾਂ 'ਤੇ ਨਿਆਂ ਦੇ ਨਤੀਜਿਆਂ ਨੂੰ ਬਿਹਤਰ ਬਣਾਉਣਾ।

ਕੰਮ-ਸੰਬੰਧੀ 3 ਨਵੇਂ ਜ਼ੁਰਮ ਰੁਜ਼ਗਾਰਦਾਤਾਵਾਂ ਲਈ, ਜਿਨ੍ਹਾਂ ਵਿੱਚ ਸਪਾਂਸਰ ਕਰਨ ਵਾਲੇ ਅਤੇ ਰੁਜ਼ਗਾਰ ਏਜੰਸੀਆਂ ਵੀ ਸ਼ਾਮਿਲ ਹਨ, ਇਸ ਗੱਲ ਨੂੰ ਗ਼ੈਰ-ਕਾਨੂੰਨੀ ਬਣਾਉਂਦੇ ਹਨ ਕਿ ਉਹ:

- ਅਸਥਾਈ ਵੀਜ਼ਾ ਧਾਰਕ ਨੂੰ ਕੰਮ-ਸਬੰਧੀ ਵੀਜ਼ਾ ਸ਼ਰਤ ਦੀ ਉਲੰਘਣਾ ਕਰਨ ਲਈ ਮਜ਼ਬੂਰ ਕਰਨ ਜਾਂ ਦਬਾਅ ਪਾਉਣ
- ਕਿਸੇ ਗ਼ੈਰ-ਨਾਗਰਿਕ ਨੂੰ ਵੈਧ ਵੀਜ਼ਾ ਤੋਂ ਬਗ਼ੈਰ ਕੰਮ-ਸੰਬੰਧਿਤ ਪ੍ਰਬੰਧ ਨੂੰ ਸਵੀਕਾਰ ਕਰਨ ਜਾਂ ਸਹਿਮਤੀ ਦੇਣ ਲਈ ਮਜ਼ਬੂਰ ਕਰਨ ਜਾਂ ਦਬਾਅ ਪਾਉਣ
- ਕੰਮ ਵਾਲੀ ਥਾਂ 'ਤੇ ਉਹਨਾਂ ਦਾ ਸ਼ੋਸ਼ਣ ਕਰਨ ਲਈ ਕਰਮਚਾਰੀ ਦੇ ਅਸਥਾਈ ਵੀਜ਼ਾ ਦਰਜੇ ਦੀ ਵਰਤੋਂ ਕਰਨਾ (ਜਿਸ ਵਿੱਚ ਮੌਜੂਦਾ ਵੀਜ਼ਾ ਸ਼ਰਤਾਂ ਅਤੇ ਭਵਿੱਖ ਦੀਆਂ ਵੀਜ਼ਾ ਅਰਜ਼ੀਆਂ ਦਾ ਸਮਰਥਨ ਕਰਨ ਲਈ ਲੋੜਾਂ ਨਾਲ ਸੰਬੰਧ ਵੀ ਸ਼ਾਮਿਲ ਹੈ)

ਇਹ ਕਾਨੂੰਨ ਕੰਮ ਨਾਲ ਸੰਬੰਧਿਤ ਕਈ ਸਥਿਤੀਆਂ ਨੂੰ ਆਪਣੇ ਅਧੀਨ ਲਿਆਉਂਦੇ ਹਨ ਜਿੱਥੇ ਸ਼ੋਸ਼ਣ ਹੋ ਸਕਦਾ ਹੈ। ਇਨ੍ਹਾਂ ਸਥਿਤੀਆਂ ਵਿੱਚ ਇਹ ਸ਼ਾਮਿਲ ਹਨ, ਪਰ ਇਹ ਸਿਰਫ਼ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ:

- ਪ੍ਰਵਾਸੀ ਕਾਮੇ ਨੂੰ ਘੱਟ ਤਨਖ਼ਾਹ ਦੇਣਾ
- ਪ੍ਰਵਾਸੀ ਕਾਮੇ 'ਤੇ ਉਸਦੇ ਵੀਜ਼ੇ ਦੀਆਂ ਸ਼ਰਤਾਂ ਤੋਂ ਵੱਧ ਘੰਟੇ ਕੰਮ ਕਰਨ ਲਈ ਦਬਾਅ ਪਾਉਣਾ
- ਪ੍ਰਵਾਸੀ ਕਾਮੇ ਦਾ ਵੀਜ਼ਾ ਰੱਦ ਕਰਨ ਦੀ ਧਮਕੀ ਦੇਣਾ (ਰੁਜ਼ਗਾਰਦਾਤਾ ਵੀਜ਼ਾ ਰੱਦ ਨਹੀਂ ਕਰ ਸਕਦੇ)
- ਪ੍ਰਵਾਸੀ ਕਾਮੇ ਨੂੰ ਆਪਣਾ ਪਾਸਪੋਰਟ ਸੌਂਪਣ ਲਈ ਮਜ਼ਬੂਰ ਕਰਨਾ
- ਪ੍ਰਵਾਸੀ ਮਜ਼ਦੂਰ ਨੂੰ ਅਣਚਾਹੀਆਂ ਜਿਨਸੀ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਲਈ ਮਜ਼ਬੂਰ ਕਰਨਾ
- ਪ੍ਰਵਾਸੀ ਕਾਮੇ ਨੂੰ ਰਹਿਣ-ਸਹਿਣ ਦੀਆਂ ਅਯੋਗ ਸਥਿਤੀਆਂ ਨੂੰ ਸਵੀਕਾਰ ਕਰਨ ਲਈ ਦਬਾਅ ਪਾਉਣਾ, ਜਿਵੇਂ ਕਿ ਮਾੜੀ ਰਿਹਾਇਸ਼, ਨਾਕਾਫ਼ੀ ਭੋਜਨ ਜਾਂ ਚੱਲਦੇ ਪਾਣੀ ਅਤੇ ਬਿਜਲੀ ਤੱਕ ਪਹੁੰਚ।

ਇਹ ਕਾਨੂੰਨ ਸਾਰੇ ਪ੍ਰਵਾਸੀ ਕਾਮਿਆਂ ਦੀ ਸੁਰੱਖਿਆ ਕਰਦੇ ਹਨ, ਭਾਵੇਂ ਉਹਨਾਂ ਦੀ ਵੀਜ਼ਾ ਸਥਿਤੀ ਕੋਈ ਵੀ ਹੋਵੇ। ਇਸ ਵਿੱਚ ਉਹ ਲੋਕ ਸ਼ਾਮਿਲ ਹਨ ਜਿਨ੍ਹਾਂ ਕੋਲ ਕੰਮ ਦੇ ਅਧਿਕਾਰਾਂ ਵਾਲਾ ਵੀਜ਼ਾ ਹੈ, ਵੀਜ਼ੇ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਅਤੇ ਉਹ ਜੋ ਆਪਣੀਆਂ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਦੇ ਹੋਏ ਕੰਮ ਕਰ ਰਹੇ ਹਨ।

ਤੁਸੀਂ ਕੰਮ ਵਾਲੀ ਥਾਂ ਦੇ ਸ਼ੋਸ਼ਣ ਦੀ ਰਿਪੋਰਟ ਇਨ੍ਹਾਂ ਵਿੱਚੋਂ ਕਿਸੇ ਨੂੰ ਕਰ ਸਕਦੇ ਹੋ:

- Fair Work Ombudsman (ਫੇਅਰ ਵਰਕ ਓਮਬਡਸਮੈਨ)
- Border Watch (ਬਾਰਡਰ ਵਾਚ)।

ਤੁਸੀਂ ਗੁੰਮਨਾਮ ਤੌਰ 'ਤੇ ਰਿਪੋਰਟ ਕਰ ਸਕਦੇ ਹੋ।

# ਉਪ ਪੰਨਾ A - ਪ੍ਰਵਾਸੀ ਕਾਮਿਆਂ ਲਈ ਜਾਣਕਾਰੀ।

ਇੱਥੇ ਅਸਥਾਈ ਪ੍ਰਵਾਸੀ ਮਜ਼ਦੂਰਾਂ ਨੂੰ ਕੰਮ ਵਾਲੀ ਥਾਂ ਦੇ ਸ਼ੋਸ਼ਣ ਤੋਂ ਬਚਾਉਣ ਵਿੱਚ ਮੱਦਦ ਕਰਨ ਲਈ ਕਾਨੂੰਨ ਮੌਜੂਦ ਹਨ।

ਕਾਮਿਆਂ ਦੀ ਰਾਸ਼ਟਰੀ ਕਾਰਜ-ਸਥਾਨ ਕਾਨੂੰਨਾਂ ਦੁਆਰਾ ਸੁਰੱਖਿਆ ਕੀਤੀ ਜਾਂਦੀ ਹੈ, ਭਾਵੇਂ ਉਹਨਾਂ ਦੀ ਪ੍ਰਵਾਸ ਸਥਿਤੀ ਕੋਈ ਵੀ ਹੋਵੇ। ਇਸ ਵਿੱਚ ਉਹ ਲੋਕ ਸ਼ਾਮਿਲ ਹਨ ਜਿਨ੍ਹਾਂ ਕੋਲ ਕੰਮ ਦੇ ਅਧਿਕਾਰਾਂ ਵਾਲਾ ਵੀਜ਼ਾ ਹੈ, ਵੀਜ਼ੇ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਅਤੇ ਉਹ ਜੋ ਆਪਣੀਆਂ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਦੇ ਹੋਏ ਕੰਮ ਕਰ ਰਹੇ ਹਨ।

ਕੰਮ ਵਾਲੀ ਥਾਂ 'ਤੇ ਹੁੰਦੇ ਸ਼ੋਸ਼ਣ ਦੀ ਜਲਦੀ ਰਿਪੋਰਟ ਕਰੋ।

ਤੁਸੀਂ ਇਹਨਾਂ ਵਿੱਚੋਂ ਕਿਸੇ ਨਾਲ ਵੀ ਸੰਪਰਕ ਕਰ ਸਕਦੇ ਹੋ:

- Fair Work Ombudsman (ਫੇਅਰ ਵਰਕ ਓਮਬਡਸਮੈਨ)
- Border Watch (ਬਾਰਡਰ ਵਾਚ)

ਤੁਸੀਂ ਗੁੰਮਨਾਮ ਤੌਰ 'ਤੇ ਰਿਪੋਰਟ ਕਰ ਸਕਦੇ ਹੋ।

ਤੁਸੀਂ ਫੇਅਰ ਵਰਕ ਓਮਬਡਸਮੈਨ ਨੂੰ 13 13 94 'ਤੇ ਫ਼ੋਨ ਕਰ ਸਕਦੇ ਹੋ ਜਾਂ ਅਗਿਆਤ ਔਨਲਾਈਨ ਰਿਪੋਰਟ ਭਰ ਸਕਦੇ ਹੋ।

ਰੁਜ਼ਗਾਰਦਾਤਾ ਤੁਹਾਡਾ ਵੀਜ਼ਾ ਰੱਦ ਜਾਂ ਇਸ ਦੀਆਂ ਸ਼ਰਤਾਂ ਨੂੰ ਬਦਲ ਨਹੀਂ ਸਕਦੇ ਹਨ। ਸਿਰਫ਼ ਗ੍ਰਹਿ ਮਾਮਲਿਆਂ ਦਾ ਵਿਭਾਗ ਹੀ, ਜਿਸ ਵਿੱਚ ਆਸਟ੍ਰੇਲੀਅਨ ਬੋਰਡਰ ਫੋਰਸ ਵੀ ਸ਼ਾਮਿਲ ਹੈ, ਤੁਹਾਡੇ ਵੀਜ਼ੇ ਬਾਰੇ ਫ਼ੈਸਲੇ ਕਰ ਸਕਦਾ ਹੈ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਵੀਜ਼ੇ ਦੇ ਨਿਯਮਾਂ ਨੂੰ ਜਾਣਦੇ ਹੋ, ਜਿਸ ਵਿੱਚ ਕੰਮ ਦੀਆਂ ਸ਼ਰਤਾਂ ਅਤੇ ਤੁਹਾਡੀ ਵੀਜ਼ੇ ਦੀ ਮਿਆਦ ਪੁੱਗਣ ਦੀ ਮਿਤੀ ਸ਼ਾਮਿਲ ਹੈ। ਸਾਰੇ ਵੀਜ਼ੇ ਗ਼ੈਰ-ਨਾਗਰਿਕਾਂ ਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ ਦੀ ਆਗਿਆ ਨਹੀਂ ਦਿੰਦੇ ਹਨ।

ਤੁਸੀਂ ਆਪਣੀਆਂ ਵੀਜ਼ਾ ਸ਼ਰਤਾਂ ਨੂੰ ਮੁਫ਼ਤ ਅਤੇ ਸੁਰੱਖਿਅਤ Visa Entitlement Verification Online (VEVO) ਪ੍ਰਣਾਲੀ ਦੀ ਵਰਤੋਂ ਕਰਕੇ ਚੈੱਕ ਕਰ ਸਕਦੇ ਹੋ। ਤੁਸੀਂ ਆਪਣੇ ਐਪ ਸਟੋਰ ਤੋਂ myVEVO ਐਪ ਨੂੰ ਵੀ ਡਾਊਨਲੋਡ ਕਰ ਸਕਦੇ ਹੋ।

ਆਪਣੇ ਕਾਮਿਆਂ ਦੇ ਅਧਿਕਾਰਾਂ ਬਾਰੇ ਪੜ੍ਹ ਕੇ ਵੇਤਨ ਦੀਆਂ ਦਰਾਂ ਅਤੇ ਕੰਮ ਵਾਲੀ ਥਾਂ ਦੀਆਂ ਸਥਿਤੀਆਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਕੀ ਇਹ ਨਵੇਂ ਪ੍ਰਵਾਸੀ ਕਾਮਿਆਂ ਲਈ ਬਣਾਏ ਸੁਰੱਖਿਆ ਉਪਾਅ ਮੇਰੇ 'ਤੇ ਲਾਗੂ ਹੁੰਦੇ ਹਨ?

ਹਾਂ, ਜੇਕਰ ਤੁਸੀਂ ਇੱਕ ਅਸਥਾਈ ਪ੍ਰਵਾਸੀ ਕਰਮਚਾਰੀ ਹੋ, ਤਾਂ ਨਵੇਂ ਕਾਨੂੰਨ ਤੁਹਾਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਕੰਮ ਵਾਲੀ ਥਾਂ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਮੌਜੂਦ ਹਨ।

### ਇਹ ਨਵੇਂ ਕਾਨੂੰਨ ਕਿਹੜੇ ਰੁਜ਼ਗਾਰਦਾਤਾ ਵਿਵਹਾਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ?

ਇਹ ਨਵੇਂ ਕਾਨੂੰਨ ਉਨ੍ਹਾਂ ਸਥਿਤੀਆਂ ਵਿੱਚ ਹੁੰਦੇ ਸ਼ੋਸ਼ਣ ਨੂੰ ਨਿਸ਼ਾਨਾ ਬਣਾਉਂਦੇ ਹਨ ਜਿਨ੍ਹਾਂ ਵਿੱਚ ਕੰਮ ਅਤੇ ਗ਼ੈਰ-ਕੰਮ ਨਾਲ ਸੰਬੰਧਿਤ ਮਾਮਲੇ ਸ਼ਾਮਿਲ ਹੁੰਦੇ ਹਨ ਜੋ ਤੁਹਾਡੇ ਕੰਮ ਵਾਲੀ ਥਾਂ 'ਤੇ ਹੋ ਸਕਦੇ ਹਨ ਜਾਂ ਤੁਹਾਡੇ ਕੰਮ ਨਾਲ ਜੁੜੇ ਹੋਏ ਹੋ ਸਕਦੇ ਹਨ। ਤੁਹਾਡੇ ਰੁਜ਼ਗਾਰਦਾਤਾ ਲਈ ਇਨ੍ਹਾਂ ਗੱਲਾਂ ਦਾ ਹਵਾਲਾ ਦੇ ਕੇ ਤੁਹਾਨੂੰ ਧਮਕਾਉਣਾ ਕਾਨੂੰਨ ਦੇ ਖ਼ਿਲਾਫ਼ ਹੈ:

- ਤੁਹਾਡੀਆਂ ਵੀਜ਼ਾ ਸ਼ਰਤਾਂ ਜਾਂ ਕੰਮ ਕਰਨ ਦੇ ਅਧਿਕਾਰ ਦਾ ਹਵਾਲਾ ਦੇ ਕੇ
- ਭਵਿੱਖੀ ਵੀਜ਼ਾ ਅਰਜ਼ੀਆਂ ਦਾ ਹਵਾਲਾ ਦੇ ਕੇ
- ਤੁਹਾਡਾ ਵੀਜ਼ਾ ਰੱਦ ਕਰਨ ਦਾ ਹਵਾਲਾ ਦੇ ਕੇ (ਰੁਜ਼ਗਾਰਦਾਤਾ ਵੀਜ਼ਾ ਰੱਦ ਜਾਂ ਮੰਨਜ਼ੂਰ ਨਹੀਂ ਕਰ ਸਕਦੇ)
- ਆਸਟ੍ਰੇਲੀਆ ਵਿੱਚੋਂ ਕੱਢੇ ਜਾਣ ਦਾ ਹਵਾਲਾ ਦੇ ਕੇ

ਤੁਹਾਨੂੰ ਘੱਟ ਤਨਖ਼ਾਹ ਦੇਣਾ ਜਾਂ ਤੁਹਾਡੀਆਂ ਵੀਜ਼ਾ ਸ਼ਰਤਾਂ ਅਨੁਸਾਰ ਆਗਿਆ ਮਿਲੇ ਘੰਟਿਆਂ ਤੋਂ ਵੱਧ ਕੰਮ ਕਰਨ ਲਈ ਦਬਾਅ ਪਾਇਆ ਜਾਣਾ ਦੋਵੇਂ ਕੰਮ ਵਾਲੀ ਥਾਂ 'ਤੇ ਸ਼ੋਸ਼ਣ ਦੀਆਂ ਉਦਾਹਰਨਾਂ ਹਨ।

ਤੁਹਾਡੇ 'ਤੇ ਆਪਣਾ ਪਾਸਪੋਰਟ ਸੌਂਪਣ ਲਈ ਜਾਂ ਅਣਚਾਹੀਆਂ ਜਿਨਸੀ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਲਈ ਦਬਾਅ ਪਾਇਆ ਜਾਣਾ ਵੀ ਕੰਮ ਦੀ ਜਗ੍ਹਾ 'ਤੇ ਹੁੰਦੇ ਸ਼ੋਸ਼ਣ ਦੀਆਂ ਉਦਾਹਰਨਾਂ ਹਨ।

ਤੁਸੀਂ ਇਹਨਾਂ ਕੇਸ ਅਧਿਐਨਾਂ ਨੂੰ ਪੜ੍ਹ ਕੇ ਰੁਜ਼ਗਾਰਦਾਤਾ ਵਿਵਹਾਰ ਦੀਆਂ ਉਨ੍ਹਾਂ ਕਿਸਮਾਂ ਬਾਰੇ ਹੋਰ ਜਾਣ ਸਕਦੇ ਹੋ ਜੋ ਕਾਨੂੰਨ ਦੇ ਖ਼ਿਲਾਫ਼ ਹਨ।

## ਕੀ ਮੇਰੀ ਤਨਖ਼ਾਹ ਜਾਂ ਕੰਮ ਦੇ ਘੰਟਿਆਂ ਦੀ ਜਾਂਚ ਕਰਨ ਦਾ ਕੋਈ ਆਸਾਨ ਤਰੀਕਾ ਹੈ?

ਫੇਅਰ ਵਰਕ ਓਮਬਡਸਮੈਨ ਕੋਲ ਮਦਦਗਾਰ ਟੂਲ ਹਨ ਜਿਨ੍ਹਾਂ ਨਾਲ ਤੁਸੀਂ ਆਪਣੀ ਤਨਖ਼ਾਹ ਜਾਂ ਵੇਤਨ ਦੀ ਜਾਂਚ ਕਰ ਸਕਦੇ ਹੋ, ਜਿਵੇਂ ਕਿ ਇੱਕ ਤਨਖ਼ਾਹ ਕੈਲਕੁਲੇਟਰ। ਤੁਸੀਂ 'ਰਿਕਾਰਡ ਮਾਈ ਆਵਰਜ਼' ਐਪ ਦੀ ਵਰਤੋਂ ਕਰਕੇ ਆਪਣੇ ਕੰਮ ਦੇ ਘੰਟਿਆਂ ਨੂੰ ਜਲਦੀ ਅਤੇ ਆਸਾਨੀ ਨਾਲ ਸੰਭਾਲ ਕੇ ਰੱਖ ਸਕਦੇ ਹੋ।

## ਕੰਮ ਵਾਲੀ ਥਾਂ 'ਤੇ ਮੇਰਾ ਸ਼ੋਸ਼ਣ ਹੋਇਆ ਹੈ, ਪਰ ਮੈਂ ਇਸਦੀ ਰਿਪੋਰਟ ਕਰਨ ਬਾਰੇ ਚਿੰਤਤ ਹਾਂ ਕਿਉਂਕਿ ਮੈਨੂੰ ਡਰ ਹੈ ਕਿ ਮੇਰਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਮੈਂ ਕੀ ਕਰਾਂ?

ਜੇਕਰ ਕੰਮ ਵਾਲੀ ਥਾਂ 'ਤੇ ਤੁਹਾਡਾ ਸ਼ੋਸ਼ਣ ਹੋਇਆ ਹੈ ਤਾਂ ਤੁਹਾਨੂੰ ਮੱਦਦ ਲੈਣੀ ਚਾਹੀਦੀ ਹੈ। ਰਾਸ਼ਟਰੀ ਕਾਰਜ-ਸਥਾਨ ਕਾਨੂੰਨ ਕਾਮਿਆਂ ਦੀ ਸੁਰੱਖਿਆ ਕਰਦੇ ਹਨ, ਭਾਵੇਂ ਉਹਨਾਂ ਦੀ ਪ੍ਰਵਾਸ ਸਥਿਤੀ ਜੋ ਮਰਜ਼ੀ ਹੋਵੇ। ਸਿਰਫ਼ ਸ਼ੋਸ਼ਣ ਦੀ ਰਿਪੋਰਟ ਕਰਨ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ।

ਭਾਵੇਂ ਤੁਸੀਂ ਕੰਮ ਨਾਲ ਸੰਬੰਧਿਤ ਕਿਸੇ ਵੀਜ਼ਾ ਸ਼ਰਤ ਦੀ ਉਲੰਘਣਾ ਕੀਤੀ ਹੈ, ਫਿਰ ਵੀ ਕੁੱਝ ਵੀਜ਼ਾ ਧਾਰਕਾਂ ਨੂੰ ਵੀਜ਼ਾ ਰੱਦ ਹੋਣ ਤੋਂ ਬਚਾਇਆ ਜਾ ਸਕਦਾ ਹੈ।

'ਭਰੋਸਾ ਪ੍ਰੋਟੋਕੋਲ' (the Assurance Protocol) ਨਾਮਕ ਇੱਕ ਮੌਜੂਦਾ ਪ੍ਰਬੰਧ ਦੇ ਤਹਿਤ, ਜੇਕਰ ਤੁਸੀਂ ਕੰਮ ਵਾਲੀ ਥਾਂ 'ਤੇ ਸ਼ੋਸ਼ਣ ਦੇ ਕਾਰਨ ਆਪਣੀਆਂ ਕੰਮ-ਸੰਬੰਧੀ ਵੀਜ਼ਾ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਤਾਂ ਅਸੀਂ ਉਦੋਂ ਤੱਕ ਤੁਹਾਡਾ ਵੀਜ਼ਾ ਰੱਦ ਨਹੀਂ ਕਰਾਂਗੇ, ਜਦੋਂ ਤੱਕ:

- ਤੁਸੀਂ ਫੇਅਰ ਵਰਕ ਓਮਬਡਸਮੈਨ ਤੋਂ ਸਲਾਹ ਜਾਂ ਸਹਾਇਤਾ ਲਈ ਹੈ ਅਤੇ ਤੁਸੀਂ ਉਨ੍ਹਾਂ ਦੀਆਂ ਜਾਂਚ-ਪੜਤਾਲ ਵਿੱਚ ਉਨ੍ਹਾਂ ਦੀ ਮੱਦਦ ਕਰ ਰਹੇ ਹੋ
- ਤੁਹਾਡੇ ਵੀਜ਼ੇ ਨੂੰ ਰੱਦ ਕਰਨ ਦਾ ਕੋਈ ਹੋਰ ਕਾਰਨ ਨਹੀਂ ਹੈ (ਜਿਵੇਂ ਕਿ ਰਾਸ਼ਟਰੀ ਸੁਰੱਖਿਆ, ਚਰਿੱਤਰ, ਸਿਹਤ ਜਾਂ ਧੋਖਾਧੜੀ)
- ਤੁਸੀਂ ਭਵਿੱਖ ਵਿੱਚ ਆਪਣੀਆਂ ਵੀਜ਼ਾ ਸ਼ਰਤਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋ।

ਇਸ ਭਰੋਸਾ ਪ੍ਰੋਟੋਕੋਲ ਬਾਰੇ ਹੋਰ ਪੜ੍ਹੋ।

ਅਸੀਂ ਰੱਦ ਹੋਣ ਤੋਂ ਬਚਾਅ ਲਈ ਇਨ੍ਹਾਂ ਸੁਰੱਖਿਆਵਾਂ ਵਿੱਚ ਸੁਧਾਰ ਕਰਨ 'ਤੇ ਕੰਮ ਕਰ ਰਹੇ ਹਾਂ। ਵੇਰਵੇ ਜਲਦੀ ਹੀ ਉਪਲਬਧ ਹੋਣਗੇ।

## ਪ੍ਰਵਾਸੀ ਕਾਮਿਆਂ ਕੋਲ ਤਨਖ਼ਾਹ ਅਤੇ ਸ਼ਰਤਾਂ ਵਰਗੀਆਂ ਚੀਜ਼ਾਂ ਲਈ ਕਿਹੜੇ ਅਧਿਕਾਰ ਅਤੇ ਹੱਕਦਾਰੀਆਂ ਹਨ?

ਵੀਜ਼ਾ ਧਾਰਕਾਂ ਅਤੇ ਪ੍ਰਵਾਸੀ ਕਾਮਿਆਂ ਦੇ ਕੰਮ ਵਾਲੀ ਥਾਂ ਦੇ ਅਧਿਕਾਰਾਂ ਅਤੇ ਹੱਕਦਾਰੀਆਂ ਬਾਰੇ ਹੋਰ ਪੜ੍ਹੋ।

**ਮੈਂ ਇਹ ਕਿਵੇਂ ਪਤਾ ਲਗਾਵਾਂ ਕਿ ਕਿਹੜੇ ਰੁਜ਼ਗਾਰਦਾਤਾਵਾਂ ਨੂੰ ਕਿਸੇ ਨਿਰਧਾਰਤ ਸਮੇਂ ਲਈ ਅਸਥਾਈ ਪ੍ਰਵਾਸੀਆਂ ਨੂੰ ਰੁਜ਼ਗਾਰ ਦੇਣ ਤੋਂ ਰੋਕਿਆ ਗਿਆ ਹੈ?**

1 ਜੁਲਾਈ 2024 ਤੋਂ, ਜਿਹੜੇ ਰੁਜ਼ਗਾਰਦਾਤਾਵਾਂ ਨੂੰ ਗੰਭੀਰਤਾ ਨਾਲ, ਵਾਰ-ਵਾਰ ਜਾਂ ਇਰਾਦਤਨ ਪ੍ਰਵਾਸੀ ਕਾਮਿਆਂ ਦਾ ਸ਼ੋਸ਼ਣ ਕਰਦੇ ਪਾਇਆ ਜਾਂਦਾ ਹੈ ਤਾਂ ਉਹਨਾਂ ਉੱਪਰ ਕੁੱਝ ਸਮੇਂ ਲਈ ਹੋਰ ਅਸਥਾਈ ਪ੍ਰਵਾਸੀ ਕਾਮਿਆਂ ਨੂੰ ਰੁਜ਼ਗਾਰ ਦੇਣ 'ਤੇ ਪਾਬੰਦੀ ਲੱਗ ਸਕਦੀ ਹੈ। ਤੁਸੀਂ ਆਸਟ੍ਰੇਲੀਅਨ ਬਾਰਡਰ ਫੋਰਸ ਦੀ ਵੈੱਬਸਾਈਟ 'ਤੇ ਜਾ ਕੇ ਪਾਬੰਦੀਸ਼ੁਦਾ ਰੁਜ਼ਗਾਰਦਾਤਾਵਾਂ ਦੀ ਸੂਚੀ ਲੱਭ ਸਕੋਗੇ।

**ਮੇਰੇ ਰੁਜ਼ਗਾਰਦਾਤਾ ਨੂੰ ਪਾਬੰਦੀਸ਼ੁਦਾ ਘੋਸ਼ਿਤ ਕੀਤਾ ਗਿਆ ਹੈ। ਕੀ ਮੈਂ ਅਜੇ ਵੀ ਉਸ ਲਈ ਕੰਮ ਕਰ ਸਕਦਾ/ਦੀ ਹਾਂ?**

ਹਾਂ, ਜੇਕਰ ਤੁਸੀਂ ਅਜਿਹਾ ਕਰਨਾ ਚੁਣਦੇ ਹੋ। ਜੇਕਰ ਤੁਸੀਂ ਪਾਬੰਦੀ ਦੀ ਘੋਸ਼ਣਾ ਮਿਤੀ 'ਤੇ ਉਹਨਾਂ ਦੇ ਮੌਜੂਦਾ ਕਰਮਚਾਰੀ ਸੀ (ਆਸਟ੍ਰੇਲੀਅਨ ਬਾਰਡਰ ਫੋਰਸ ਦੀ ਵੈੱਬਸਾਈਟ ਦੇਖੋ), ਤਾਂ ਇਹ ਤੁਹਾਡਾ ਫ਼ੈਸਲਾ ਹੋਵੇਗਾ ਕਿ ਤੁਸੀਂ ਆਪਣੇ ਰੁਜ਼ਗਾਰਦਾਤਾ ਲਈ ਕੰਮ ਕਰਨਾ ਜਾਰੀ ਰੱਖਣਾ ਚਾਹੁੰਦੇ ਹੋ ਜਾਂ ਨਹੀਂ।

# ਉਪ-ਪੰਨਾ B - ਰੁਜ਼ਗਾਰਦਾਤਾਵਾਂ ਅਤੇ ਰੁਜ਼ਗਾਰ ਏਜੰਸੀਆਂ ਲਈ ਜਾਣਕਾਰੀ

ਰੁਜ਼ਗਾਰਦਾਤਾਵਾਂ ਅਤੇ ਰੁਜ਼ਗਾਰ ਏਜੰਸੀਆਂ ਵੱਲੋਂ ਰੁਜ਼ਗਾਰ ਨਾਲ ਸੰਬੰਧਿਤ ਕਾਨੂੰਨਾਂ ਦੀ ਪਾਲਣਾ ਕੀਤੀ ਜਾਣੀ ਲਾਜ਼ਮੀ ਹੈ, ਜਿਸ ਵਿੱਚ ਫੇਅਰ ਵਰਕ ਐਕਟ ਅਤੇ ਮਾਈਗ੍ਰੇਸ਼ਨ ਐਕਟ ਦੇ ਤਹਿਤ ਨਿਰਧਾਰਤ ਕਾਨੂੰਨ ਵੀ ਸ਼ਾਮਿਲ ਹਨ।

ਕਾਮਿਆਂ ਨੂੰ ਉਨ੍ਹਾਂ ਦੀ ਪ੍ਰਵਾਸ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਫੇਅਰ ਵਰਕ ਐਕਟ ਦੁਆਰਾ ਸੁਰੱਖਿਆ ਦਿੱਤੀ ਜਾਂਦੀ ਹੈ।

ਇੱਕ ਰੁਜ਼ਗਾਰਦਾਤਾ ਵਜੋਂ, ਜੇਕਰ ਤੁਸੀਂ ਕਾਨੂੰਨ ਦੀ ਉਲੰਘਣਾ ਕਰਦੇ ਹੋ ਤਾਂ ਤੁਹਾਨੂੰ:

- ਇੱਕ ਕਾਨੂੰਨ ਪਾਲਣਾ ਕਰਨ ਵਾਲਾ ਨੋਟਿਸ ਮਿਲ ਸਕਦਾ ਹੈ ਜੋ ਤੁਹਾਨੂੰ ਕੋਈ ਖ਼ਾਸ ਕਾਰਵਾਈ ਕਰਨ ਜਾਂ ਕੁੱਝ ਕਰਨਾ ਬੰਦ ਕਰਨ ਲਈ ਹਿਦਾਇਤ ਦੇਵੇਗਾ
- ਕੋਈ ਕਾਰਵਾਈ ਕਰਨ ਜਾਂ ਕਿਸੇ ਵਿਸ਼ੇਸ਼ ਵਿਵਹਾਰ ਨੂੰ ਰੋਕਣ ਲਈ ਇੱਕ ਕਾਨੂੰਨੀ ਤੌਰ 'ਤੇ ਲਾਗੂ ਹੋਣ ਯੋਗ ਇਕਰਾਰਨਾਮਾ ਕਰਨ ਦੀ ਲੋੜ ਹੋ ਸਕਦੀ ਹੈ ਜਿਸਨੂੰ 'ਲਾਗੂ ਹੋਣ ਯੋਗ ਇਕਰਾਰ' ਕਿਹਾ ਜਾਂਦਾ ਹੈ
- ਜੁਰਮਾਨਾ ਲਗਾਇਆ ਜਾ ਸਕਦਾ ਹੈ, ਜਾਂ ਹੋਰ ਸੰਬੰਧਿਤ ਦੰਡਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਗੰਭੀਰ, ਇਰਾਦਾਤਨ ਜਾਂ ਵਾਰ-ਵਾਰ ਉਲੰਘਣਾ ਕਰਨ ਲਈ, ਤੁਹਾਨੂੰ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੰਡਾਂ ਵਿੱਚ ਸ਼ਾਮਿਲ ਹਨ:

- 2 ਸਾਲ ਤੱਕ ਦੀ ਕੈਦ
- $112,680 (360 ਪੈਨਲਟੀ ਯੂਨਿਟਾਂ) ਤੱਕ ਦੇ ਜੁਰਮਾਨੇ।

ਜਿਹੜੇ ਰੁਜ਼ਗਾਰਦਾਤਾ ਗੰਭੀਰ, ਇਰਾਦਾਤਨ ਜਾਂ ਵਾਰ-ਵਾਰ ਸ਼ੋਸ਼ਣ ਕਰਨ ਦੇ ਦੋਸ਼ੀ ਪਾਏ ਜਾਂਦੇ ਹਨ, ਉਨ੍ਹਾਂ 'ਤੇ ਕੁੱਝ ਸਮੇਂ ਲਈ ਹੋਰ ਅਸਥਾਈ ਵੀਜ਼ਾ ਧਾਰਕਾਂ ਨੂੰ ਰੁਜ਼ਗਾਰ ਦੇਣ ਤੋਂ ਪਾਬੰਦੀ ਲਗਾਈ ਜਾ ਸਕਦੀ ਹੈ।

ਪਾਬੰਦੀਸ਼ੁਦਾ ਰੁਜ਼ਗਾਰਦਾਤਾ ਆਸਟ੍ਰੇਲੀਅਨ ਬਾਰਡਰ ਫੋਰਸ ਦੀ ਵੈੱਬਸਾਈਟ 'ਤੇ ਸੂਚੀਬੱਧ ਕੀਤੇ ਜਾਣਗੇ ਅਤੇ ਪਾਬੰਦੀ ਖ਼ਤਮ ਹੋਣ ਤੋਂ ਬਾਅਦ ਵੀ ਉਹਨਾਂ ਨੂੰ ਵਾਧੂ ਰਿਪੋਰਟਾਂ ਦੇਣੀਆਂ ਪੈਣਗੀਆਂ।

ਜੇਕਰ ਤੁਸੀਂ ਪਾਬੰਦੀ ਦਾ ਉਲੰਘਣ ਕਰਦੇ ਹੋ, ਉਦਾਹਰਨ ਲਈ ਪਾਬੰਦੀ ਦੀ ਮਿਆਦ ਦੇ ਦੌਰਾਨ ਹੋਰ ਅਸਥਾਈ ਵੀਜ਼ਾ ਧਾਰਕਾਂ ਨੌਕਰੀ 'ਤੇ ਰੱਖ ਕੇ, ਤਾਂ ਤੁਹਾਨੂੰ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਇੱਕ ਰੁਜ਼ਗਾਰਦਾਤਾ ਜਾਂ ਰੁਜ਼ਗਾਰ ਏਜੰਸੀਆਂ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਜਾਣੋ

ਅਸਥਾਈ ਵੀਜ਼ਾ ਧਾਰਕਾਂ ਦੇ ਰੁਜ਼ਗਾਰਦਾਤਾ ਵਜੋਂ, ਤੁਹਾਨੂੰ ਆਪਣੀਆਂ ਰੁਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ ਦਾ ਪਤਾ ਹੋਣਾ ਲਾਜ਼ਮੀ ਹੈ।

ਕਿਸੇ ਪ੍ਰਵਾਸੀ ਕਾਮੇ ਨੂੰ ਨੌਕਰੀ ਦੇਣ ਤੋਂ ਪਹਿਲਾਂ, ਇਹ ਜਾਂਚ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਕੀ ਉਹ ਆਸਟ੍ਰੇਲੀਆ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰ ਸਕਦੇ ਹਨ।

ਤੁਸੀਂ ਮੁਫ਼ਤ ਔਨਲਾਈਨ ਪ੍ਰਣਾਲੀ, VEVO ਰਾਹੀਂ ਸੰਭਾਵਿਤ ਕਰਮਚਾਰੀ ਦੀਆਂ ਕੰਮ ਕਰਨ ਦੀਆਂ ਸ਼ਰਤਾਂ ਨੂੰ ਚੈੱਕ ਕਰ ਸਕਦੇ ਹੋ। ਤੁਹਾਡੇ ਲਈ ਵੀਜ਼ਾ ਧਾਰਕ ਤੋਂ ਆਗਿਆ ਲੈਣੀ ਲਾਜ਼ਮੀ ਹੈ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਇਹ ਨਵੇਂ ਨਿਯਮ ਕੀ ਹਨ?

ਇਹ ਨਵੇਂ ਕਾਨੂੰਨ ਹੇਠ ਲਿਖਿਆ ਨੂੰ ਮਜ਼ਬੂਰ ਕਰਨ, ਬੇਲੋੜਾ ਪ੍ਰਭਾਵ ਪਾਉਣ ਜਾਂ ਦਬਾਅ ਪਾਉਣ ਨੂੰ ਇੱਕ ਅਪਰਾਧਿਕ ਜ਼ੁਰਮ ਬਣਾਉਂਦੇ ਹਨ:

- ਅਸਥਾਈ ਵੀਜ਼ਾ ਧਾਰਕ 'ਤੇ ਵੀਜ਼ਾ-ਸੰਬੰਧੀ ਕੰਮ ਦੀ ਸ਼ਰਤ ਨੂੰ ਤੋੜਨ ਲਈ
- ਬਗ਼ੈਰ ਕਿਸੇ ਜਾਇਜ਼ ਵੀਜ਼ੇ ਵਾਲੇ ਗ਼ੈਰ-ਨਾਗਰਿਕ ਨੂੰ ਕੰਮ-ਸੰਬੰਧੀ ਪ੍ਰਬੰਧ ਨੂੰ ਸਵੀਕਾਰ ਕਰਨ ਲਈ
- ਅਸਥਾਈ ਵੀਜ਼ਾ ਧਾਰਕ ਨੂੰ ਕੰਮ-ਸੰਬੰਧੀ ਕਿਸੇ ਪ੍ਰਬੰਧ ਨੂੰ ਸਵੀਕਾਰ ਕਰਨ ਜਾਂ ਸਹਿਮਤ ਹੋਣ ਲਈ।

ਬਗ਼ੈਰ ਜਾਇਜ਼ ਵੀਜ਼ੇ ਵਾਲੇ ਗ਼ੈਰ-ਨਾਗਰਿਕ ਨੂੰ ਨੌਕਰੀ 'ਤੇ ਰੱਖਣਾ ਪਹਿਲਾਂ ਹੀ ਕਾਨੂੰਨ ਦੇ ਵਿਰੁੱਧ ਹੈ।

ਇਹ ਨਵੇਂ ਜ਼ੁਰਮ ਕਿਸੇ ਵਿਅਕਤੀ ਦੀ ਪ੍ਰਵਾਸ ਜਾਂ ਅਸਥਾਈ ਵੀਜ਼ਾ ਸਥਿਤੀ (ਜਿਸ ਵਿੱਚ ਭਵਿੱਖ ਦੀਆਂ ਵੀਜ਼ਾ ਅਰਜ਼ੀਆਂ ਵੀ ਸ਼ਾਮਿਲ ਹਨ) ਨੂੰ ਕੰਮ ਵਾਲੀ ਥਾਂ 'ਤੇ ਉਹਨਾਂ ਦਾ ਸ਼ੋਸ਼ਣ ਕਰਨ ਲਈ ਵਰਤਣ ਲਈ ਵਧੀਕ ਜੁਰਮਾਨੇ ਲਗਾਉਂਦੇ ਹਨ।

### ਕੰਮ-ਸੰਬੰਧੀ ਪ੍ਰਬੰਧ ਦਾ ਕੀ ਮਤਲਬ ਹੈ?

ਇਹ ਦੋਵਾਂ, ਕੰਮ ਅਤੇ ਗ਼ੈਰ-ਕੰਮ ਸੰਬੰਧੀ ਮਾਮਲਿਆਂ ਨੂੰ ਦਰਸਾਉਂਦਾ ਹੈ ਜੋ ਕੰਮ ਵਾਲੀ ਥਾਂ 'ਤੇ ਪੈਦਾ ਹੋ ਸਕਦੇ ਹਨ। ਇਨ੍ਹਾਂ ਸਥਿਤੀਆਂ ਵਿੱਚ ਸ਼ਾਮਿਲ ਹੋ ਸਕਦੇ ਹਨ:

- ਪ੍ਰਵਾਸੀ ਕਾਮੇ ਨੂੰ ਘੱਟ ਤਨਖ਼ਾਹ ਦੇਣਾ
- ਉਹਨਾਂ ਦਾ ਵੀਜ਼ਾ ਰੱਦ ਕਰਨ ਦੀ ਧਮਕੀ ਦੇਣਾ(ਰੁਜ਼ਗਾਰਦਾਤਾ ਵੀਜ਼ਾ ਰੱਦ ਨਹੀਂ ਕਰ ਸਕਦੇ)
- ਪ੍ਰਵਾਸੀ ਕਾਮੇ ਨੂੰ ਅਣਚਾਹੇ ਜਿਨਸੀ ਕੰਮਾਂ ਵਿੱਚ ਸ਼ਾਮਿਲ ਹੋਣ ਲਈ ਮਜ਼ਬੂਰ ਕਰਨਾ।

ਇਸ ਵਿੱਚ ਉਹ ਸਥਿਤੀਆਂ ਵੀ ਸ਼ਾਮਿਲ ਹੋ ਸਕਦੀਆਂ ਹਨ ਜਿੱਥੇ ਕਿਸੇ ਕਰਮਚਾਰੀ ਨੂੰ ਬੇਲੋੜਾ ਪ੍ਰਭਾਵਿਤ ਕੀਤਾ ਜਾਂਦਾ ਹੈ, ਦਬਾਅ ਪਾਇਆ ਜਾਂਦਾ ਹੈ ਜਾਂ ਮਜ਼ਬੂਰ ਕੀਤਾ ਜਾਂਦਾ ਹੈ:

- ਆਪਣਾ ਪਾਸਪੋਰਟ ਸਪੁਰਦ ਕਰਨ ਲਈ
- ਉਹਨਾਂ ਦੀਆਂ ਵੀਜ਼ਾ ਸ਼ਰਤਾਂ ਅਨੁਸਾਰ ਆਗਿਆ ਮਿਲੇ ਤੋਂ ਵੱਧ ਘੰਟੇ ਕੰਮ ਕਰਨ ਲਈ
- ਰਹਿਣ-ਸਹਿਣ ਦੀਆਂ ਆਯੋਗ ਸਥਿਤੀਆਂ ਜਿਵੇਂ ਕਿ ਮਾੜੀ ਰਿਹਾਇਸ਼, ਨਾਕਾਫ਼ੀ ਭੋਜਨ ਜਾਂ ਚੱਲ ਰਹੇ ਪਾਣੀ ਅਤੇ ਬਿਜਲੀ ਤੱਕ ਪਹੁੰਚ ਨੂੰ ਸਵੀਕਾਰ ਕਰਨ ਲਈ

## ਜੇਕਰ ਮੈਂ ਇਸ ਕਾਨੂੰਨ ਦੀ ਉਲੰਘਣਾ ਕਰਾਂ ਤਾਂ ਕੀ ਹੋਵੇਗਾ?

ਇਹ ਨਵੇਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਕੇਸ ਦੇ ਹਾਲਾਤਾਂ ਦੇ ਆਧਾਰ 'ਤੇ ਉਚਿੱਤ ਜਵਾਬ ਦੇਣ ਲਈ ਵਾਧੂ ਸਾਧਨ ਪ੍ਰਦਾਨ ਕਰਦੇ ਹਨ।

ਉਦਾਹਰਨ ਲਈ, ਕੁੱਝ ਸਥਿਤੀਆਂ ਵਿੱਚ ਤੁਹਾਨੂੰ ਇੱਕ ਕਾਨੂੰਨ ਪਾਲਣਾ ਨੋਟਿਸ ਮਿਲ ਸਕਦਾ ਹੈ ਜਿਸ ਵਿੱਚ ਤੁਹਾਨੂੰ ਵਿਸ਼ੇਸ਼ ਕਾਰਵਾਈ ਕਰਨ ਜਾਂ ਕੁੱਝ ਕਰਨਾ ਬੰਦ ਕਰਨ ਦਾ ਨਿਰਦੇਸ਼ ਦਿੱਤਾ ਜਾ ਸਕਦਾ ਹੈ ਤਾਂ ਜੋ ਤੁਸੀਂ ਕਾਨੂੰਨ ਦੀ ਪਾਲਣਾ ਕਰ ਸਕੋ। ਬਾਕੀ ਦੇ ਹਾਲਾਤਾਂ ਵਿੱਚ, ਤੁਹਾਡੇ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਅਤੇ ਗੰਭੀਰ ਸਿੱਟੇ ਭੁਗਤਣੇ ਪੈ ਸਕਦੇ ਹਨ।

## ਇਹ ਪਾਬੰਦੀ ਦਾ ਉਪਾਅ ਕਿਵੇਂ ਕੰਮ ਕਰਦਾ ਹੈ?

1 ਜੁਲਾਈ 2024 ਤੋਂ, ਜਿਹੜੇ ਰੁਜ਼ਗਾਰਦਾਤਾਵਾਂ ਗੰਭੀਰ, ਇਰਾਦਾਤਨ ਜਾਂ ਵਾਰ-ਵਾਰ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ੀ ਪਾਏ ਜਾਂਦੇ ਹਨ, ਉਹਨਾਂ 'ਤੇ ਉਲੰਘਣਾ ਦੀ ਕਿਸਮ ਅਤੇ ਗੰਭੀਰਤਾ ਦੇ ਆਧਾਰ 'ਤੇ, ਨਿਰਧਾਰਤ ਸਮੇਂ ਲਈ ਹੋਰ ਪ੍ਰਵਾਸੀ ਕਾਮਿਆਂ ਨੂੰ ਰੁਜ਼ਗਾਰ ਦੇਣ ਤੋਂ ਪਾਬੰਦੀ ਲਗਾ ਦਿੱਤੀ ਜਾਵੇਗੀ। ਇਸ ਦਾ ਉਦੇਸ਼ ਪ੍ਰਵਾਸੀ ਕਾਮਿਆਂ ਦੀ ਸੁਰੱਖਿਆ ਕਰਨਾ ਹੈ। ਪਾਬੰਦੀਸ਼ੁਦਾ ਰੁਜ਼ਗਾਰਦਾਤਾ ਦਾ ਕਾਰੋਬਾਰੀ ਨਾਮ ਅਤੇ ABN ਆਸਟ੍ਰੇਲੀਅਨ ਬਾਰਡਰ ਫੋਰਸ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਇਸ ਪਾਬੰਦੀ ਦੇ ਖ਼ਤਮ ਹੋਣ ਤੋਂ ਬਾਅਦ ਇਸ ਪਾਬੰਦੀਸ਼ੁਦਾ ਰੁਜ਼ਗਾਰਦਾਤਾ ਵੱਲੋਂ ਗ੍ਰਹਿ ਮਾਮਲਿਆਂ ਦੇ ਵਿਭਾਗ ਨੂੰ 12 ਮਹੀਨਿਆਂ ਲਈ ਵਾਧੂ ਰਿਪੋਰਟਿੰਗ ਕਰਨੀ ਵੀ ਲਾਜ਼ਮੀ ਹੈ।

## ਪਾਬੰਦੀ ਦਾ ਉਪਾਅ ਕਿੰਨੇ ਸਮੇਂ ਲਈ ਲਾਗੂ ਰਹਿੰਦਾ ਹੈ?

- ਮਨੁੱਖੀ ਤਸਕਰੀ ਅਤੇ ਆਧੁਨਿਕ ਗੁਲਾਮੀ ਨਾਲ ਸੰਬੰਧਿਤ ਗੰਭੀਰ ਅਪਰਾਧ ਲਈ ਕੋਈ ਅਧਿਕਤਮ ਸੀਮਾ ਨਹੀਂ ਹੈ।
- ਅਪਰਾਧਿਕ ਜ਼ੁਰਮ ਲਈ ਜ਼ਿਆਦਾ ਤੋਂ ਜ਼ਿਆਦਾ 10 ਸਾਲ (ਮਨੁੱਖੀ ਤਸਕਰੀ ਅਤੇ ਆਧੁਨਿਕ ਗੁਲਾਮੀ ਨਾਲ ਸੰਬੰਧਿਤ ਅਪਰਾਧਾਂ ਤੋਂ ਇਲਾਵਾ)।
- ਹੋਰ ਸਾਰੇ ਪ੍ਰਵਾਸੀ ਕਾਮਿਆਂ ਦੀਆਂ ਪਾਬੰਦੀਆਂ ਲਈ ਵੱਧ ਤੋਂ ਵੱਧ 5 ਸਾਲ।

## ਕੀ ਮੈਨੂੰ ਪਾਬੰਦੀਸ਼ੁਦਾ ਰੁਜ਼ਗਾਰਦਾਤਾ ਘੋਸ਼ਿਤ ਕੀਤੇ ਜਾਣ ਤੋਂ ਪਹਿਲਾਂ ਇਸ ਬਾਰੇ ਪਤਾ ਲੱਗੇਗਾ?

ਜੇਕਰ ਤੁਸੀਂ ਪਾਬੰਦੀ ਲਗਾਉਣ ਦੀ ਘੋਸ਼ਣਾ ਕੀਤੇ ਜਾਂ ਲਈ ਵਿਚਾਰ ਅਧੀਨ ਹੋ, ਤਾਂ ਤੁਹਾਨੂੰ ਇੱਕ ਚਿੱਠੀ ਮਿਲੇਗੀ ਜਿਸ ਵਿੱਚ ਤੁਹਾਨੂੰ ਇਹ ਦੱਸਣ ਲਈ ਸੱਦਾ ਦਿੱਤਾ ਜਾਵੇਗਾ ਕਿ ਤੁਹਾਨੂੰ ਪਾਬੰਦੀਸ਼ੁਦਾ ਰੁਜ਼ਗਾਰਦਾਤਾ ਕਿਉਂ ਘੋਸ਼ਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ। ਤੁਹਾਡੇ ਕੋਲ ਜਵਾਬ ਦੇਣ ਲਈ ਘੱਟੋ-ਘੱਟ 28 ਦਿਨ ਹੋਣਗੇ। ਇਸ ਚਿੱਠੀ ਵਿੱਚ ਇਸ ਬਾਰੇ ਦੱਸਿਆ ਗਿਆ ਹੋਵੇਗਾ ਕਿ ਕੀ ਇਸਦਾ ਜਵਾਬ ਦੇਣ ਲਈ ਲੰਬਾ ਸਮਾਂ ਦਿੱਤਾ ਗਿਆ ਹੈ।

## ਕੀ ਮੈਂ ਪਾਬੰਦੀ ਲਗਾਏ ਜਾਣ ਪ੍ਰਤੀ ਅਪੀਲ ਕਰ ਸਕਦਾ/ਦੀ ਹਾਂ?

ਹਾਂ, ਪਾਬੰਦੀਸ਼ੁਦਾ ਰੁਜ਼ਗਾਰਦਾਤਾ 'ਐਡਮਿਨਿਸਟ੍ਰੇਟਿਵ ਅਪੀਲਜ਼ ਟ੍ਰਿਬਿਊਨਲ' (Administrative Appeals Tribunal) ਦੁਆਰਾ ਇਸ ਫ਼ੈਸਲੇ ਦੀ ਸਮੀਖਿਆ ਕਰਵਾ ਸਕਦਾ ਹੈ।

## ਜੇਕਰ ਮੈਨੂੰ ਇੱਕ ਪਾਬੰਦੀਸ਼ੁਦਾ ਰੁਜ਼ਗਾਰਦਾਤਾ ਘੋਸ਼ਿਤ ਕੀਤਾ ਗਿਆ ਹੈ ਅਤੇ ਮੈਂ ਉਸ ਸਮੇਂ ਦੌਰਾਨ ਹੋਰ ਅਸਥਾਈ ਵੀਜ਼ਾ ਧਾਰਕਾਂ ਨੂੰ ਨੌਕਰੀ 'ਤੇ ਰੱਖਦਾ ਹਾਂ ਤਾਂ ਕੀ ਹੋਵੇਗਾ?

ਪਾਬੰਦੀ ਦੇ ਹੁਕਮ ਦੀ ਉਲੰਘਣਾ ਕਰਨਾ ਇੱਕ ਅਪਰਾਧਿਕ ਜ਼ੁਰਮ ਹੈ। ਦੰਡ ਵਿੱਚ 2 ਸਾਲ ਤੱਕ ਦੀ ਕੈਦ, $112,680 ਤੱਕ ਦਾ ਜੁਰਮਾਨਾ (360 ਪੈਨਲਟੀ ਯੂਨਿਟਾਂ) ਜਾਂ ਦੋਵੇਂ ਹੋਣੇ ਸ਼ਾਮਿਲ ਹਨ।

**ਅਸਥਾਈ ਵੀਜ਼ਾ ਧਾਰਕਾਂ ਦੇ ਰੁਜ਼ਗਾਰਦਾਤਾ ਵਜੋਂ, ਮੈਂ ਉਹਨਾਂ ਦੀਆਂ ਵੀਜ਼ਾ ਸ਼ਰਤਾਂ ਕਿੱਥੋਂ ਚੈੱਕ ਕਰਾਂ?**

ਰੁਜ਼ਗਾਰਦਾਤਾ ਵਜੋਂ, ਆਪਣੇ ਕਰਮਚਾਰੀਆਂ ਦੀਆਂ ਵੀਜ਼ਾ ਸ਼ਰਤਾਂ ਨੂੰ ਸਮਝਣਾ ਤੁਹਾਡੀ ਜ਼ਿੰਮੇਵਾਰੀ ਹੈ। ਤੁਸੀਂ ਵਿਭਾਗ ਦੇ **'ਵੀਜ਼ਾ ਇੰਟਾਈਟਲਮੈਂਟ ਵੈਰੀਫਿਕੇਸ਼ਨ ਸਿਸਟਮ' (Visa Entitlement Verification system, VEVO) ਦੀ ਵਰਤੋਂ ਕਰਕੇ ਅਜਿਹਾ ਕਰ ਸਕਦੇ ਹੋ।**

## ਉਪ ਪੰਨਾ C - ਕੇਸ ਅਧਿਐਨ

ਪ੍ਰਵਾਸੀ ਕਾਮਿਆਂ ਨੂੰ ਸ਼ੋਸ਼ਣ ਤੋਂ ਬਚਾਉਣ ਵਾਲੇ ਨਵੇਂ ਕਾਨੂੰਨ ਕੰਮ ਵਾਲੀ ਥਾਂ 'ਤੇ ਪੈਦਾ ਹੋ ਸਕਦੇ ਕੰਮ ਅਤੇ ਗ਼ੈਰ-ਕੰਮ ਸੰਬੰਧੀ ਦੋਵਾਂ ਤਰ੍ਹਾਂ ਦੇ ਮਾਮਲਿਆਂ ਨੂੰ ਆਪਣੇ ਅਧੀਨ ਲਿਆਉਂਦੇ ਹਨ। ਇਸ ਵਿੱਚ ਅਜਿਹੀਆਂ ਸਥਿਤੀਆਂ ਸ਼ਾਮਿਲ ਹੋ ਸਕਦੀਆਂ ਹਨ ਜਿਵੇਂ ਕਿ ਇੱਕ ਕਰਮਚਾਰੀ ਵਜੋਂ:

- ਘੱਟ ਤਨਖ਼ਾਹ ਦਿੱਤੇ ਜਾਣਾ
- ਅਣਚਾਹੇ ਜਿਨਸੀ ਕੰਮਾਂ ਵਿੱਚ ਸ਼ਾਮਿਲ ਹੋਣ ਲਈ ਮਜ਼ਬੂਰ ਕੀਤਾ ਜਾਣਾ
- ਵੀਜ਼ਾ ਰੱਦ ਕਰਨ ਦੀ ਧਮਕੀ ਦਿੱਤੇ ਜਾਣਾ।

ਇਸ ਵਿੱਚ ਉਹ ਸਥਿਤੀਆਂ ਵੀ ਸ਼ਾਮਿਲ ਹੋ ਸਕਦੀਆਂ ਹਨ ਜਿੱਥੇ ਇੱਕ ਕਰਮਚਾਰੀ 'ਤੇ ਦਬਾਅ ਪਾਇਆ ਜਾਂਦਾ ਹੈ:

- ਆਪਣਾ ਪਾਸਪੋਰਟ ਸਪੁਰਦ ਕਰਨ ਲਈ
- ਰਹਿਣ-ਸਹਿਣ ਦੀਆਂ ਆਯੋਗ ਸਥਿਤੀਆਂ ਜਿਵੇਂ ਕਿ ਮਾੜੀ ਰਿਹਾਇਸ਼, ਨਾਕਾਫ਼ੀ ਭੋਜਨ ਜਾਂ ਚੱਲ ਰਹੇ ਪਾਣੀ ਅਤੇ ਬਿਜਲੀ ਤੱਕ ਪਹੁੰਚ ਨੂੰ ਸਵੀਕਾਰ ਕਰਨ ਲਈ
- ਉਹਨਾਂ ਦੀਆਂ ਵੀਜ਼ਾ ਸ਼ਰਤਾਂ ਅਨੁਸਾਰ ਆਗਿਆ ਮਿਲੇ ਤੋਂ ਵੱਧ ਘੰਟੇ ਕੰਮ ਕਰਨ ਲਈ।

ਇੱਥੇ ਉਨ੍ਹਾਂ ਵਿਵਹਾਰਾਂ ਦੀਆਂ ਕੁੱਝ ਉਦਾਹਰਨਾਂ ਹਨ ਜੋ ਪ੍ਰਵਾਸੀਆਂ ਦੇ ਕੰਮ ਵਾਲੀ ਥਾਂ ਦੇ ਸ਼ੋਸ਼ਣ ਨੂੰ ਦਰਸਾਉਂਦੀਆਂ ਹਨ:

<u>ਕੇਸ ਅਧਿਐਨ 1</u>

ਚੈਨ੍ਹ ਇੱਕ ਆਸਟ੍ਰੇਲੀਆਈ ਯੂਨੀਵਰਸਿਟੀ ਵਿੱਚ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹੈ ਅਤੇ ਇੱਕ ਪੈਟਰੋਲ ਸਟੇਸ਼ਨ 'ਤੇ ਕੰਮ ਕਰਦਾ ਹੈ। ਚੈਨ੍ਹ ਆਪਣੇ ਰਹਿਣ-ਸਹਿਣ ਦੇ ਖ਼ਰਚਿਆਂ ਨੂੰ ਪੂਰਾ ਕਰਨ ਵਿੱਚ ਮੱਦਦ ਕਰਨ ਲਈ ਹਫ਼ਤੇ ਦੇ ਅੰਤ ਵਿੱਚ ਕੰਮ ਦੇ ਘੰਟੇ ਸਵੀਕਾਰ ਕਰਦਾ ਹੈ।

ਪਰ ਵਾਧੂ ਕੰਮ ਉਸ ਨੂੰ ਆਪਣੇ ਵਿਦਿਆਰਥੀ ਵੀਜ਼ੇ 'ਤੇ ਪੰਦਰਵਾੜੇ ਵਿੱਚ ਕੰਮ ਕਰਨ ਲਈ ਮਿਲਦੇ 48 ਘੰਟਿਆਂ ਦੀ ਸੀਮਾ ਤੋਂ ਉੱਪਰ ਲੈ ਜਾਂਦਾ ਹੈ। ਚੈਨ੍ਹ ਦਾ ਮੈਨੇਜਰ ਇਹ ਜਾਣਦਾ ਹੈ ਪਰ ਫਿਰ ਵੀ ਉਸਨੂੰ ਵਾਧੂ ਸ਼ਿਫਟਾਂ 'ਤੇ ਕੰਮ ਕਰਨ ਲਈ ਸੂਚੀਬੱਧ ਕਰਦਾ ਰਹਿੰਦਾ ਹੈ। ਚੈਨ੍ਹ ਦਾ ਮੈਨੇਜਰ ਉਸ ਨੂੰ ਘੱਟ ਤਨਖ਼ਾਹ ਵੀ ਦੇ ਰਿਹਾ ਹੈ।
ਚੈਨ੍ਹ ਆਪਣੇ ਬੌਸ ਨਾਲ ਘੱਟ ਤਨਖ਼ਾਹ ਦੇਣ ਦੇ ਮਾਮਲੇ ਨੂੰ ਉਠਾਉਂਦਾ ਹੈ। ਉਸਦਾ ਬੌਸ ਚੈਨ੍ਹ ਨੂੰ ਕਹਿੰਦਾ ਹੈ ਕਿ ਜੇਕਰ ਉਹ ਚੁੱਪ ਨਹੀਂ ਰਹਿੰਦਾ, ਤਾਂ ਉਹ ਚੈਨ੍ਹ ਦੇ ਉਸਦੀ ਅਧਿਕਾਰਤ ਸੀਮਾ ਤੋਂ ਵੱਧ ਕੰਮ ਕਰਨ ਦੀ ਸੂਚਨਾ ਅਧਿਕਾਰੀਆਂ ਨੂੰ ਦੇ ਦੇਵੇਗਾ ਅਤੇ ਉਸਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।

ਕਿਸੇ ਨੂੰ ਘੱਟ ਤਨਖ਼ਾਹ ਦੇਣਾ ਜਾਂ ਕਿਸੇ ਨੂੰ ਆਪਣੀਆਂ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਕੇ ਕੰਮ ਕਰਨ ਦੇਣ ਦੀ ਮੰਨਜ਼ੂਰੀ ਦੇਣਾ ਪਹਿਲਾਂ ਹੀ ਕਾਨੂੰਨ ਦੇ ਖ਼ਿਲਾਫ਼ ਹੈ। ਇਨ੍ਹਾਂ ਨਵੇਂ ਉਪਾਵਾਂ ਦੇ ਤਹਿਤ, ਉਸਦਾ ਰੁਜ਼ਗਾਰਦਾਤਾ ਵੀ ਚੈਨ੍ਹ 'ਤੇ ਆਪਣੇ ਵਿਦਿਆਰਥੀ ਵੀਜ਼ੇ ਦੀਆਂ ਕੰਮ ਦੀਆਂ ਸ਼ਰਤਾਂ ਨੂੰ ਤੋੜਨ ਲਈ ਦਬਾਅ ਬਣਾ ਕੇ ਕਾਨੂੰਨ ਨੂੰ ਤੋੜ ਰਿਹਾ ਹੈ।

ਕੇਸ ਅਧਿਐਨ 2

123 ਇੱਕ ਮਜ਼ਦੂਰ ਭਰਤੀ ਕਰਨ ਵਾਲੀ ਕੰਪਨੀ ਹੈ ਜੋ ਆਸਟ੍ਰੇਲੀਆ ਭਰ ਵਿੱਚ ਬਾਗਬਾਨੀ ਕਾਰੋਬਾਰਾਂ ਨੂੰ ਕਾਮੇ ਭੇਜਦੀ ਹੈ। ਸੈਲੀ, ਜਿਸ ਦੇ ਸੈਲਾਨੀ ਵੀਜ਼ੇ ਦੀ ਮਿਆਦ ਪੁੱਗ ਚੁੱਕੀ ਹੈ, ਉਹਨਾਂ ਕਾਮਿਆਂ ਵਿੱਚ ਸ਼ਾਮਿਲ ਹੈ। ਕੰਪਨੀ ਜਾਣਦੀ ਹੈ ਕਿ ਸੈਲੀ ਗ਼ੈਰ-ਕਾਨੂੰਨੀ ਹੈ ਪਰ ਫਿਰ ਵੀ ਉਸ ਨੂੰ ਕਿਸੇ ਵੀ ਤਰ੍ਹਾਂ ਕੰਮ 'ਤੇ ਭੇਜਦੀ ਹੈ।

ਸੈਲੀ ਜਲਦੀ ਹੀ ਸਮਝ ਜਾਂਦੀ ਹੈ ਕਿ ਉਸ ਨੂੰ ਉਸਦੇ ਸਹਿਕਰਮੀਆਂ ਨਾਲੋਂ ਘੱਟ ਤਨਖ਼ਾਹ ਮਿਲ ਰਹੀ ਹੈ ਅਤੇ ਉਹ ਸ਼ਿਕਾਇਤ ਕਰਦੀ ਹੈ। ਕੰਪਨੀ ਉਸ ਨੂੰ ਕਹਿੰਦੀ ਹੈ ਕਿ ਉਸ ਨੂੰ ਪਹਿਲਾਂ ਹੀ ਕੰਮ ਨਹੀਂ ਕਰਨਾ ਚਾਹੀਦਾ ਸੀ ਅਤੇ ਜੇਕਰ ਉਹ ਸ਼ਿਕਾਇਤ ਕਰਨਾ ਜਾਰੀ ਰੱਖਦੀ ਹੈ ਤਾਂ ਕੰਪਨੀ ਉਸ ਬਾਰੇ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੀ ਧਮਕੀ ਦਿੰਦੀ ਹੈ।

ਇਹ ਮਜ਼ਦੂਰ ਭਰਤੀ ਕਰਨ ਵਾਲੀ ਕੰਪਨੀ ਪਹਿਲਾਂ ਹੀ ਕਾਨੂੰਨ ਦੀ ਉਲੰਘਣਾ ਕਰ ਰਹੀ ਹੈ ਕਿਉਂਕਿ ਉਹ ਸੈਲੀ ਨੂੰ ਬਿਨਾਂ ਵੈਧ ਵੀਜ਼ੇ ਦੇ ਕੰਮ ਕਰਨ ਦੀ ਆਗਿਆ ਦੇ ਰਹੀ ਹੈ ਅਤੇ ਉਸ ਨੂੰ ਘੱਟ ਤਨਖ਼ਾਹ ਦੇ ਰਹੀ ਹੈ। ਇਨ੍ਹਾਂ ਨਵੇਂ ਅਪਰਾਧਾਂ ਦੇ ਤਹਿਤ, ਇਸ ਮਜ਼ਦੂਰ ਭਰਤੀ ਕੰਪਨੀ ਨੂੰ ਵਾਧੂ ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਕੇਸ ਅਧਿਐਨ 3

ਨਿੱਤੇਆ ਇੱਕ ਯੁਵਾ IT ਕਰਮਚਾਰੀ ਹੈ ਜੋ ਆਸਟ੍ਰੇਲੀਆ ਵਿੱਚ ਕੰਮ ਕਰਨ ਲਈ ਸਪਾਂਸਰ ਕੀਤੀ ਗਈ ਹੈ। ਉਹ ਭਵਿੱਖ ਵਿੱਚ ਆਸਟ੍ਰੇਲੀਆ ਵਿੱਚ ਸਥਾਈ ਨਿਵਾਸੀ ਹੋਣ ਦੀ ਸੰਭਾਵਨਾ ਨੂੰ ਲੈ ਕੇ ਉਤਸ਼ਾਹਿਤ ਹੈ। ਉਸਦੀ ਨਵੀਂ ਨੌਕਰੀ ਸ਼ੁਰੂ ਹੋਣ ਤੋਂ ਤੁਰੰਤ ਬਾਅਦ, ਉਸਦਾ ਮੈਨੇਜਰ ਉਸ ਪ੍ਰਤੀ ਅਣਉਚਿਤ ਜਿਨਸੀ ਟਿੱਪਣੀਆਂ ਕਰਦਾ ਹੈ ਅਤੇ ਜਦੋਂ ਉਹ ਨਿੱਤੇਆ ਨਾਲ ਗੱਲ ਕਰਦਾ ਹੈ ਤਾਂ ਅਣਚਾਹੇ ਤਰੀਕੇ ਨਾਲ ਛੂੰਹਦਾ ਹੈ।

ਜਦੋਂ ਨਿੱਤੇਆ ਇਸ ਮਾਮਲੇ ਨੂੰ ਆਪਣੇ ਬੌਸ ਦੇ ਧਿਆਨ ਵਿੱਚ ਲਿਆਉਂਦੀ ਹੈ, ਤਾਂ ਉਹ ਕਹਿੰਦਾ ਹੈ ਕਿ ਜੇਕਰ ਉਹ ਸਮੱਸਿਆ ਪੈਦਾ ਕਰੇਗੀ, ਤਾਂ ਉਸ ਨੂੰ ਸਥਾਈ ਵੀਜ਼ੇ ਲਈ ਸਪਾਂਸਰ ਹੋਣ ਦਾ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ। ਜਿਨਸੀ ਸੋਸ਼ਣ ਕਰਨਾ ਕਾਨੂੰਨ ਦੇ ਖ਼ਿਲਾਫ ਹੈ, ਅਤੇ ਇਨ੍ਹਾਂ ਨਵੇਂ ਅਪਰਾਧਾਂ ਦੇ ਤਹਿਤ, ਨਿੱਤੇਆ ਦੇ ਬੌਸ ਨੂੰ ਉਸਦੀ ਵੀਜ਼ਾ ਸਥਿਤੀ ਦੀ ਵਰਤੋਂ ਕਰਕੇ ਉਸਦਾ ਸ਼ੋਸ਼ਣ ਕਰਨ ਲਈ ਵਧੀਕ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।